ਸਾਈਂ ਮੀਆਂ ਮੀਰ ਭਵਨ ਕਮੇਟੀ ਦੀ ਰਿਪੋਰਟ

ਜਨਰਲ ਸਕੱਤਰ
ਪੰਜਾਬੀ ਸਾਹਿਤ ਅਕਾਡਮੀ,
ਲੁਧਿਆਣਾ।

ਵਿਸ਼ਾ: ਸਾਈਂ ਮੀਆਂ ਮੀਰ ਭਵਨ ਵਿਚ ਬਣ ਰਹੀਆਂ ਦੁਕਾਨਾਂ ਦੇ ਪ੍ਰਬੰਧ ਸਬੰਧੀ ਬਣੀ ਕਮੇਟੀ ਰਿਪੋਰਟ ਸਬੰਧੀ।

ਸ੍ਰੀਮਾਨ ਜੀ,

ਆਪ ਜੀ ਦਾ ਧਿਆਨ ਆਪ ਜੀ ਦੇ ਪੱਤਰ ਨੰਬਰ ਪਸਅ /763/ਮਿਤੀ 31 ਜਨਵਰੀ, 012 ਵੱਲ ਦਵਾਇਆ ਜਾਂਦਾ ਹੈ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਮਿਤੀ 15 ਜਨਵਰੀ, 2012 ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਸਾਈਂ ਮੀਆਂ ਮੀਰ ਭਵਨ ਵਿਚ ਬਣ ਰਹੀਆਂ ਦੁਕਾਨਾਂ ਦੇ ਪ੍ਰਬੰਧ ਸਬੰਧੀ ਸੁਝਾਅ ਦੇਣ ਲਈ ਇਕ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਵਿਚ ਨਿਮਨ ਹਸਤਾਖ਼ਰ ਨੂੰ ਕਨਵੀਨਰ ਅਤੇ ਡਾ. ਸ. ਪ. ਸਿੰਘ ਅਤੇ ਸ੍ਰੀ ਸੁਰਿੰਦਰ ਕੈਲੇ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਸੀ। ਇਸ ਕਮੇਟੀ ਨੂੰ ਜੋ ਕੰਮ ਸੌਂਪੇ ਗਏ ਸਨ ਉਹ ਸੰਖੇਪ ਵਿਚ ਹੇਠ ਲਿਖੇ ਅਨੁਸਾਰ ਹੈ :

1. ਕੀ ਭਵਨ ਦੀਆਂ ਦੁਕਾਨਾਂ ਕਿਰਾਏ ਉਤੇ ਦਿੱਤੀਆ ਜਾ ਸਕਦੀਆਂ ਹਨ?
2. ਜੇ ਹਾਂ, ਤਾਂ ਕਿੰਨਾਂ ਸ਼ਰਤਾਂ ਉਪਰ?
3. ਆਰਟ ਗੈਲਰੀ ਨੂੰ ਕਿਸ ਤਰ੍ਹਾਂ ਖਾਲੀ ਕਰਵਾਇਆ ਜਾਵੇ?
4. ਭਵਨ ਦੀ ਸਹੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਵੇ?

ਮੀਟਿੰਗ ਵਿਚ ਹੋਏ ਵਿਚਾਰ ਵਟਾਂਦਰੇ, ਪੰਜਾਬੀ ਸਾਹਿਤ ਅਕਾਡਮੀ ਵਲੋਂ ਪੱਤਰ ਨੰਬਰ ਪਸਅ/732/ਮਿਤੀ 19 ਫ਼ਰਵਰੀ 2012 ਰਾਹੀਂ ਉਪਲੱਭਧ ਕਰਵਾਈ ਗਈ ਸੂਚਨਾ ਨੂੰ ਵਿਚਾਰਨ ਤੋਂ ਬਾਅਦ ਕਮੇਟੀ ਜਿਸ ਸਿੱਟੇ ਉਪਰ ਪੁੱਜੀ ਹੈ ਉਹ ਹੇਠ ਲਿਖੇ ਅਨੁਸਾਰ ਹੈ :

ਮੁੱਦੇ

ਉਕਤ ਪ੍ਰਸ਼ਨਾਂ ਨੂੰ ਹੇਠ ਲਿਖੇ ਮੁੱਦਿਆਂ ਵਿਚ ਵੰਡ ਕੇ ਚੰਗੀ ਤਰ੍ਹਾਂ ਸਮਝਿਆ ਅਤੇ ਵਿਚਾਰਿਆ ਜਾ ਸਕਦਾ ਹੈ।

1. ਕੀ ਸਰਕਾਰ/ਐਸ.ਜੀ.ਪੀ.ਸੀ. ਦੀ ਮਾਲੀ ਸਹਾਇਤਾ ਨਾਲ ਬਣੀ ਇਮਾਰਤ ਨੂੰ ਵਪਾਰਕ/ਲਾਭ ਦੇਣ ਵਾਲੇ ਕੰਮਾਂ ਲਈ ਵਰਤਿਆ ਜਾ ਸਕਦਾ ਹੈ?

ਪੰਜਾਬੀ ਸਾਹਿਤ ਅਕਾਡਮੀ ਵਲੋਂ ਆਪਣੇ ਪੱਤਰ 19 ਫ਼ਰਵਰੀ 2012 ਰਾਹੀਂ ਜੋ ਸੂਚਨਾ ਉਪਲੱਭਧ ਕਰਵਾਈ ਗਈ ਹੈ ਉਸ ਅਨੁਸਾਰ 31 ਮਾਰਚ 2011 ਤੱਕ ਅਕਾਡਮੀ ਵਲੋਂ ਇਸ ਭਵਨ ਦੀ ਉਸਾਰੀ ਉਪਰ 2183642/-ਰੁਪਏ ਖਰਚ ਹੋ ਚੁੱਕੇ ਹਨ। ਇਸ ਰਕਮ ਵਿਚੋਂ 1700000/-ਰੁਪਏ ਪੰਜਾਬ ਸਰਕਾਰ ਅਤੇ ਦੂਸਰੀਆਂ ਸੰਸਥਾਵਾਂ ਵਲੋਂ ਮਿਲੀ ਮਾਲੀ ਸਹਾਇਤਾ ਹੈ ਅਤੇ 483642/-ਰੁਪਏ ਅਕਾਡਮੀ ਵਲੋਂ ਆਪਣੇ ਖਾਤੇ ਵਿਚੋਂ ਖਰਚੇ ਗਏ ਹਨ। ਉਕਤ ਸਤਾਰਾਂ ਲੱਖ ਰੁਪਏ ਪ੍ਰਾਪਤ ਹੋਣ ਬਾਰੇ ਜੋ ਸੂਚਨਾ ਉਪਲੱਭਬ ਕਰਵਾਈ ਗਈ ਹੈ ਉਸ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ :

(ੳ) ਪੰਜ ਲੱਖ ਰੁਪਏ ਐਸ.ਜੀ.ਪੀ.ਸੀ. ਵਲੋਂ ਆਪਣੇ ਪੱਤਰ ਮਿਤੀ 11.06.07 ਰਾਹੀਂ ਰੈਫ਼ਰੈਂਸ ਅਤੇ ਖੋਜ ਲਾਇਬ੍ਰੇਰੀ ਅਤੇ ਹੋਰ ਲੋੜਾਂ ਦੀ ਪੂਰਤੀ ਲਈ ਅਕਾਡਮੀ ਨੂੰ ਦਿੱਤੇ ਗਏ ਹਨ।

(ਅ) ਡਾ. ਉਪਿੰਦਰਜੀਤ ਕੌਰ, ਮੰਤਰੀ ਪੰਜਾਬ ਸਰਕਾਰ ਵਲੋਂ ਆਪਣੇ ਪੱਤਰ ਮਿਤੀ 20.01.09 ਰਾਹੀਂ ਦੋ ਲੱਖ ਰੁਪਏ ਪੰਜਾਬੀ ਸਾਹਿਤ ਅਕਾਡਮੀ ਦੀ ਇਮਾਰਤ ਦੀ ਮੁਰੰਮਤ ਅਤੇ ਵਾਧੇ ਲਈ ਦਿੱਤੇ ਗਏ ਹਨ।

(ੲ) ਡਾ. ਉਪਿੰਦਰਜੀਤ ਕੌਰ, ਮੰਤਰੀ ਪੰਜਾਬ ਸਰਕਾਰ ਵਲੋਂ ਆਪਣੇ ਪੱਤਰ ਮਿਤੀ 22.02.09 ਰਾਹੀਂ ਦੋ ਲੱਖ ਰੁਪਏ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਫੁੱਲਤਾ ਲਈ ਦਿੱਤੇ ਗਏ ਹਨ।

(ਸ) ਮੁੱਖ ਮੰਤਰੀ ਪੰਜਾਬ ਸਰਕਾਰ ਵਲੋਂ ਪੱਤਰ ਮਿਤੀ 22.02.10 ਰਾਹੀਂ ਦਸ ਲੱਖ ਰੁਪਏ ਪੰਜਾਬੀ ਸਾਹਿਤ ਅਕਾਡਮੀ ਨੂੰ ਸਮੁੱਚੇ ਵਿਕਾਸ ਲਈ ਦਿੱਤੇ ਗਏ ਹਨ।

ਉਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਅਕਾਡਮੀ ਵਲੋਂ ਭਵਨ ਦੀ ਉਸਾਰੀ ਲਈ ਜੋ ਸਤਾਰਾਂ ਲੱਖ ਰੁਪਏ ਖਰਚੇ ਗਏ ਹਨ ਉਨ੍ਹਾਂ ਵਿਚੋਂ ਘੱਟੋ ਘੱਟ ਸੋਲਾਂ ਲੱਖ ਰੁਪਏ ਪੰਜਾਬ ਸਰਕਾਰ ਅਤੇ ਐ.ਜੀ.ਪੀ.ਸੀ. ਵਲੋਂ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਅਕਾਡਮੀ ਦੇ ਸਮੂਹ ਵਿਕਾਸ ਲਈ ਦਿੱਤੇ ਗਏ ਹਨ। ਸਮੁੱਚੇ ਵਿਕਾਸ ਵਿਚ ਭਾਵੇਂ ਇਮਾਰਤ ਦੀ ਮੁਰੰਮਤ ਜਾਂ ਇਸ ਦਾ ਵਾਧਾ ਵੀ ਸ਼ਾਮਲ ਹੈ ਪਰ ਇਸ ਸਾਰੀ ਰਕਮ ਨੂੰ ਕੇਵਲ ਅਤੇ ਕੇਵਲ ਨਵੀਂ ਇਮਾਰਤ ਦੀ ਉਸਾਰੀ ਲਈ ਵਰਤਣਾ ਮਾਲੀ ਸਹਾਇਤਾ ਦੇ ਉਦੇਸ਼ ਅਨੁਸਾਰ ਨਹੀਂ ਹੈ। ਇਸ ਤਰ੍ਹਾਂ ਉਕਤ ਸਤਾਰਾਂ ਲੱਖ ਰੁਪਏ ਦੀ ਵਰਤੋਂ ਕੇਵਲ ਭਵਨ ਦੀ ਉਸਾਰੀ ਲਈ ਵਰਤੇ ਜਾਣਾ ਕਾਨੂੰਨ ਅਨੁਸਾਰ ਨਹੀਂ ਹੈ। ਅਕਾਡਮੀ ਦੀ ਮਾਲੀ ਸਹਾਇਤਾ ਪਹਿਲਾਂ ਹੀ ਬਹੁਤੀ ਤਸੱਲੀਬਖਸ਼ ਨਹੀਂ ਹੈ। ਸੀਮਤ ਸਾਧਨਾਂ ਵਿਚੋਂ 483642/ - ਰੁਪਏ ਕੇਵਲ ਅਜਿਹੇ ਭਵਨ ਦੀ ਉਸਾਰੀ ਲਈ ਖਰਚਣਾ ਜਿਸ ਵਿਚ ਬਣ ਰਹੀਆਂ ਦੁਕਾਨਾਂ ਨੂੰ ਕਿਰਾਏ ਉਪਰ ਦਿੱਤੇ ਜਾਣਾ ਹੈ ਵੀ ਪੰਜਾਬੀ ਲੇਖਕਾਂ ਅਤੇ ਪਾਠਕਾਂ ਦੇ ਹਿੱਤ ਦਾ ਕਾਰਜ ਨਹੀਂ ਹੈ।

ਰਾਏ :

ਕਮੇਟੀ ਦੇ ਰਾਏ ਹੈ ਕਿ ਭਵਨ ਦੀ ਉਸਾਰੀ ਲਈ ਵਰਤੀ ਗਈ ਬਹੁਤੀ ਰਕਮ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਅਕਾਡਮੀ ਦੇ ਸਮੁੱਚੇ ਵਿਕਾਸ ਲਈ ਮਿਲੀ ਹੈ। ਇਸ ਲਈ ਇਸ ਰਾਸ਼ੀ ਨੂੰ ਦੁਕਾਨਾਂ ਉਪਰ ਖਰਚ ਕਰਕੇ ਪ੍ਰਕਾਸ਼ਕਾਂ ਨੂੰ ਦੇ ਦੇਣਾ ਨਾ ਕਾਨੂੰਨ ਅਨੁਸਾਰ ਹੈ ਅਤੇ ਨਾ ਹੀ ਲੇਖਕਾਂ ਦੇ ਹਿੱਤ ਵਿਚ ਹੈ।

2. ਕੀ ਦੁਕਾਨਾਂ ਨੂੰ ਕਾਰਏ ਉਤੇ ਦੇਣ ਨਾਲ ਸਾਹਿਤ, ਲੇਖਕਾਂ ਅਤੇ ਪਾਠਕਾਂ ਨੂੰ ਕੋਈ ਲਾਭ ਪੁੱਜੇਗਾ !

ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਸਾਨੂੰ ਪ੍ਰਕਾਸ਼ਕਾਂ ਦੇ ਹੇਠ ਲਿਖੇ ਰਵੱਈਏ ਨੂੰ ਧਿਆਨ ਵਿਚ ਰੱਖਣਾ ਪਵੇਗਾ।

(ੳ) ਪੰਜਾਬੀ ਦੇ ਲਗਭਗ ਸਾਰੇ ਪ੍ਰਕਾਸ਼ਕ ਕਰੀਬ ਨੱਬੇ ਫ਼ੀਸਦੀ ਲੇਖਕਾਂ ਤੋਂ ਪੈਸੇ ਲੈ ਕੇ ਪੁਸਤਕਾਂ ਪ੍ਰਕਾਸ਼ਤ ਕਰਦੇ ਹਨ। ਪੈਸੇ ਵੀ ਪੁਸਤਕ ਦੀ ਕੁੱਲ ਕੀਮਤ ਤੋਂ ਵੱਧ ਲਏ ਜਾਂਦੇ ਹਨ। ਇਸ ਤਰ੍ਹਾਂ ਪ੍ਰਕਾਸ਼ਕਾਂ ਵਲੋਂ ਲੇਖਕਾਂ ਦਾ ਮਾਲੀ ਸ਼ੋਸ਼ਣ ਕੀਤਾ ਜਾਂਦਾ ਹੈ।

(ਅ) ਪ੍ਰਕਾਸ਼ਿਤ ਕੀਤੀਆਂ ਗਈਆਂ ਪੁਸਤਕਾਂ ਦੀ ਕੀਮਤ ਪੰਜ ਤੋਂ ਲੈ ਕੇ ਦਸ ਗੁਣਾਂ ਤੱਕ ਰੱਖੀ ਜਾਂਦੀ ਹੈ। ਅੱਧੇ ਮੁੱਲ 'ਤੇ ਦੇ ਕੇ ਵੀ ਪ੍ਰਕਾਸ਼ਕ ਪਾਠਕਾਂ ਦੀ ਮਾਲੀ ਲੁੱਟ ਕਰਦੇ ਹਨ। ਪੰਜਾਬੀ ਦਾ ਬਹੁਤਾ ਪਾਠਕ ਪ੍ਰਕਾਸ਼ਕਾਂ ਦੇ ਇਸ ਰਵੱਈਏ ਤੋਂ ਦੁਖੀ ਹੈ।

(ੲ) ਪੰਜਾਬੀ ਦੇ ਵੱਡੇ ਪ੍ਰਕਾਸ਼ਕਾਂ ਦੀ ਲੇਖਕਾਂ ਨਾਲ ਤਲਖ਼ਕਲਾਮੀ ਵੀ ਮਸ਼ਹੂਰ ਹੈ। ਇਥੋਂ ਤੱਕ ਕਿ ਗਿਆਨਪੀਠ ਵਰਗੇ ਪ੍ਰਤਿਸ਼ਠਤ ਪੁਰਸਕਾਰ ਪ੍ਰਾਪਤ ਕਰਨ ਵਾਲੇ ਲੇਖਕਾਂ ਨੂੰ ਵੀ ਪ੍ਰਕਾਸ਼ਕਾਂ ਵਿਰੁੱਧ ਆਪਣੇ ਹੱਕ ਪ੍ਰਾਪਤ ਕਰ ਨ ਲਈ ਅਦਾਲਤਾਂ ਦਾ ਸਹਾਰਾ ਲੈਣਾ ਪੈਂਦਾ ਹੈ।

ਰਾਏ

ਇਸ ਮੁੱਦੇ ਉਪਰ ਕਮੇਟੀ ਦੀ ਰਾਏ ਹੈ ਕਿ ਭਵਨ ਦੀਆਂ ਦੁਕਾਨਾਂ ਪ੍ਰਕਾਸ਼ਕਾਂ ਨੂੰ ਕਿਰਾਏ 'ਤੇ ਦੇਣ ਨਾਲ ਨਾ ਸਾਹਿਤ ਦੀ ਪ੍ਰਫੁੱਲਤਾ ਹੋਣੀ ਹੈ ਅਤੇ ਨਾ ਹੀ ਲੇਖਕਾਂ/ਪਾਠਕਾਂ ਦੀ। ਇਸ ਦਾ ਲਾਭ ਕੇਵਲ ਪ੍ਰਕਾਸ਼ਕਾਂ ਨੂੰ ਹੋਣਾ ਹੈ ਜਿਨ੍ਹਾਂ ਨੇ ਲੁੱਟ ਕਰਨ ਵਿਚ ਹੋਰ ਧਾਂਦਲੀ ਮਚਾਉਣੀ ਹੈ।

3. ਕੀ ਦੁਕਾਨਾਂ ਕਿਰਾਏ 'ਤੇ ਦੇਣ ਨਾਲ ਅਕਾਡਮੀ ਦੀ ਆਮਦਨ ਵਿਚ ਸਚਮੁੱਚ ਵਾਧਾ ਹੋਵੇਗਾ !

ਕਾਰਜਕਾਰਨੀ ਦੇ ਕੁਝ ਮੈਂਬਰਾਂ ਦਾ ਇਹ ਵਿਚਾਰ ਕਿ ਦੁਕਾਨਾਂ ਕਿਰਾਏ 'ਤੇ ਦੇਣ ਨਾਲ ਅਕਾਡਮੀ ਨੂੰ ਬੱਝਵੀਂ ਰਕਮ ਵਸੂਲ ਹੋਣ ਲੱਗ ਪਵੇਗੀ ਵੀ ਇੱਕ ਭੁਲੇਖਾ ਹੀ ਹੈ। ਅਕਾਡਮੀ ਦਾ ਇਤਿਹਾਸ ਇਹ ਗਵਾਹੀ ਦਿੰਦਾ ਹੈ ਕਿ ਅਕਾਡਮੀ ਦੇ ਪਿਛਲੇ ਪ੍ਰਬੰਧਕਾਂ ਵਲੋਂ ਅਕਸਰ ਅਕਾਡਮੀ ਦੀ ਥਾਂ, ਪ੍ਰਕਾਸ਼ਕਾਂ ਦੇ ਹਿੱਤਾਂ ਦਾ ਵੱਧ ਧਿਆਨ ਰਖਿਆ ਜਾਂਦਾ ਹੈ। ਇਸ ਤੱਥ ਨੂੰ ਸਪੱਸ਼ਟ ਕਰ ਨ ਲਈ ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

(ੳ) ਮਿਤੀ 01.01.1999 ਨੂੰ ਅਕਾਡਮੀ ਵਲੋਂ ਪਹਿਲੀ ਵਾਰ ਚੇਤਨਾ ਪ੍ਰਕਾਸ਼ਨ ਨੂੰ ਇਕ ਦੁਕਾਨ ਕਿਰਾਏ 'ਤੇ ਦਿੱਤੀ ਗਈ ਇਸ ਦਾ ਕਿਰਾਇਆ ਕੇਵਲ ਪੰਦਰਾਂ ਸੌ ਰੁਪਏ ਪ੍ਰਤੀ ਮਹੀਨਾ ਤੈਅ ਕੀਤਾ ਗਿਆ। ਇਕਰਾਰਨਾਮਾ ਭਾਵੇ ਇਕ ਸਾਲ ਲਈ ਕੀਤਾ ਜਾਂਦਾ ਰਿਹਾ ਪਰ ਇਹ ਹਰ ਸਾਲ ਵਧਾਇਆ ਜਾਂਦਾ ਰਿਹਾ। ਇੰਨੇ ਘੱਟ ਕਿਰਾਏ 'ਤੇ ਦੁਕਾਨ ਪ੍ਰਕਾਸ਼ਕ ਦੇ ਹਵਾਲੇ ਕਰਨਾ ਅਕਾਡਮੀ ਦੇ ਮਾਲੀ ਹਿੱਤਾਂ ਵਿਚ ਨਹੀਂ ਸੀ।

(ਅ) 01 ਜਨਵਰੀ, 2008 ਨੂੰ ਚੇਤਨਾ ਪ੍ਰਕਾਸ਼ਨ ਨਾਲ ਜੋ ਇਕਰਾਰਨਾਮਾ ਕੀਤਾ ਗਿਆ ਉਸ ਅਨੁਸਾਰ ਕਿਰਾਏ ਦੀ ਦਰ ਕੇਵਲ 3525/-ਰੁਪਏ ਰੱਖੀ ਗਈ।

ਇਨ੍ਹਾਂ ਇਕਰਾਨਾਮਿਆਂ ਵਿਚ ਪਹਿਲਾਂ ਹੀ ਅਗਲੇ ਸਾਲ ਲਈ ਕਿਰਾਇਆ ਨਿਸ਼ਚਿਤ ਕਰਕੇ ਕਿਰਾਏਦਾਰ ਨੂੰ ਅਜਿਹਾ ਕਾਨੂੰਨੀ ਹੱਕ ਦੇ ਦਿੱਤਾ ਗਿਆ ਜਿਸ ਦੀ ਵਰਤੋਂ ਕਰਕੇ ਕਿਰਾਏ ਦੇ ਮਿਆਦ ਅਦਾਲਤ ਰਾਹੀਂ ਵਧਾਉਣ ਦਾ ਹੱਕਦਾਰ ਬਣਦਾ ਰਿਹਾ। ਇਹ ਮੱਦ ਵੀ ਅਕਾਡਮੀ ਦੇ ਹਿੱਤਾਂ ਦੇ ਵਿਰੁੱਧ ਅਤੇ ਪ੍ਰਕਾਸ਼ਕ ਦੇ ਹਿੱਤ ਲਈ ਪਾਈ ਜਾਂਦੀ ਰਹੀ।

(ੳ) ਇਹ ਜਾਣਦੇ ਹੋਏ ਵੀ ਕਿ ਚੇਤਨਾ ਪ੍ਰਕਾਸ਼ਕ ਅਤੇ ਸੁਮਿਤ ਪ੍ਰਕਾਸ਼ਨ ਇਕੋ ਹੀ ਅਦਾਰੇ ਦੀਆਂ ਫਰਮਾਂ ਦੇ ਦੋ ਵੱਖਰੇ ਵੱਖਰੇ ਨਾਂ ਹਨ ਜੋ ਕਾਨੂੰਨੀ ਅੜਚਨਾਂ ਨੂੰ ਸੁਲਝਾਉਣ ਲਈ ਰੱਖੇ ਗਏ ਹਨ, ਇਹ ਜਾਣਦੇ ਹੋਏ ਵੀ ਕਿ ਦੋਹਾਂ ਪ੍ਰਕਾਸ਼ਕਾਂ ਵਲੋਂ ਇਕੋ ਦੁਕਾਨ ਵਿਚ ਕੰਮ ਕੀਤਾ ਜਾਂਦਾ ਹੈ, ਇਸ ਅਦਾਰੇ ਨੂੰ ਫਾਇਦਾ ਪਹੁੰਚਾਉਣ ਲਈ ਮਿਤੀ 15 ਜੂਨ, 2007 ਨੂੰ ਇਕ ਹੋਰ ਦੁਕਾਨ ਕੇਵਲ 3025/-ਰੁਪਏ ਪ੍ਰਤੀ ਮਹੀਨੇ ਦੇ ਕਿਰਾਏ ਉਪਰ ਦੇ ਦਿੱਤੀ ਗਈ। ਪੰਜਾਬੀ ਭਵਨ ਵਿਚ ਆਉਂਦੇ ਜਾਂਦੇ ਹਰ ਵਿਅਕਤੀ ਨੂੰ ਪਤਾ ਹੈ ਕਿ ਇਹ ਦੋਵੇਂ ਪ੍ਰਕਾਸ਼ਕ ਇਕ ਹਨ ਅਤੇ ਇਨ੍ਹਾਂ ਦਾ ਕਾਰੋਬਾਰ ਵੀ ਸਾਂਝਾ ਹੈ। ਅਕਾਡਮੀ ਦੀਆਂ ਦੋ ਦੁਕਾਨਾਂ ਸਸਤੇ ਭਾਅ ਉਤੇ ਦੇਣਾ ਅਕਾਡਮੀ ਦੇ ਹਿੱਤ ਵਿਚ ਨਹੀਂ ਹੈ।

(ਅ) ਅਕਾਡਮੀ ਵਲੋਂ 01 ਜਨਵਰੀ, 2006 ਨੂੰ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮ. ਚੰਡੀਗੜ• ਨੂੰ ਕੇਵਲ 2000/- ਰੁਪਏ ਪ੍ਰਤੀ ਮਹੀਨਾ ਕਿਰਾਏ 'ਤੇ ਇਕ ਦੁਕਾਨ ਦਿੱਤੀ ਗਈ। ਇਸ ਇਕਰਾਰਨਾਮੇ ਵਿਚ ਵੀ ਉਹੀ ਕਾਨੂੰਨੀ ਨੁਕਸ ਛੱਡੇ ਗਏ ਜੋ ਕਿ ਪਹਿਲੇ ਇਕਰਾਰਨਾਮਿਆਂ ਵਿਚ ਸਨ।

(ੲ) ਚੇਤਨਾ ਪ੍ਰਕਾਸ਼ਨ ਅਤੇ ਸੁਮਿਤ ਪ੍ਰਕਾਸ਼ਨ ਵਲੋਂ ਇਕਰਾਰਨਾਮੇ ਦੀਆਂ ਸ਼ਰਤਾਂ ਭੰਗ ਕਰਦੇ ਹੋਏ ਕਿਰਾਇਆ ਸਮੇਂ ਸਿਰ ਦੇਣਾ ਬੰਦ ਕਰ ਦਿੱਤਾ ਗਿਆ। ਮਿਤੀ 10 ਜਨਵਰੀ 2010 ਤੱਕ ਇਨ੍ਹਾਂ ਦੋਹਾਂ ਪ੍ਰਕਾਸ਼ਕਾਂ ਵੱਲ ਅਕਾਡਮੀ ਦਾ ਕੁੱਲ 71000/-ਰੁਪਏ ਬਕਾਇਆ ਸੀ। ਅਕਾਡਮੀ ਦੇ ਪ੍ਰਬੰਧਕਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਅਦਾਲਤ ਵਿਚ ਪਟੀਸ਼ਨ ਦਾਇਰ ਕਰਕੇ, ਕਿਰਾਇਆ ਵਸੂਲ ਕਰਕੇ, ਅਕਾਡਮੀ ਦੇ ਮਾਲੀ ਹਿੱਤਾਂ ਨੂੰ ਸਰੁੱਖਿਅਤ ਕਰਦੇ। ਪਰ ਅਕਾਡਮੀ ਵਲੋਂ ਉਕਤ ਦੋਹਾਂ ਪ੍ਰਕਾਸ਼ਕਾਂ ਦਾ 35000/-ਰੁਪਏ ਮੁਆਫ਼ ਕਰ ਦਿੱਤਾ ਗਿਆ ਜਿਸ ਨਾਲ ਅਕਾਡਮੀ ਦੇ ਮਾਲੀ ਹਿੱਤਾਂ ਨੂੰ ਭਾਰੀ ਨੁਕਸਾਨ ਪੁੱਜਾ।

(ਸ) ਅਕਾਡਮੀ ਦੇ ਪੈਰਾਂ 'ਹ' ਵਿਚ ਦਰਜ ਇਕਰਾਰਨਾਮੇ ਵਿਚ ਇਕ ਇਹ ਮੱਦ ਵੀ ਪਾ ਦਿੱਤੀ ਗਈ ਕਿ ਇਨਾਂ ਪ੍ਰਕਾਸ਼ਕਾਂ ਨੂੰ ਨਵੀਆਂ ਦੁਕਾਨਾਂ ਅਲਾਟ ਕਰਦੇ ਸਮੇਂ ਪਹਿਲ ਦਿੱਤੀ ਜਾਵੇਗੀ। ਇਹ ਮੱਦ ਵੀ ਅਕਾਡਮੀ ਦੇ ਹਿੱਤਾਂ ਵਿਚ ਨਹੀਂ ਹੈ। ਇਸ ਇਕਰਾਰਨਾਮੇ ਰਾਹੀਂ ਇਨਾਂ ਪ੍ਰਕਾਸ਼ਕਾਂ ਨੂੰ ਪੰਜਾਬੀ ਭਵਨ ਦੀ ਆਰਟ ਗੈਲਰੀ ਵੀ ਕਾਰੋਬਾਰ ਚਲਾਉਣ ਲਈ ਦੇ ਦਿੱਤੀ ਗਈ। ਜੋ ਕਿ ਸ੍ਰੀ ਸ਼ਰਨਜੀਤ ਸਿੰਘ ਢਿੱਲੋਂ, ਸਾਬਕਾ ਐਮ.ਪੀ. ਦੀ ਮਾਲੀ ਸਹਾਇਤਾ ਨਾਲ ਸਜਾਈ ਸੰਵਾਰੀ ਗਈ ਸੀ। ਮਾਲੀ ਸਹਾਇਤਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਕੇ ਆਰਟ ਗੈਲਰੀ ਨੂੰ ਵਪਾਰਕ ਹਿੱਤਾਂ ਲਈ ਸੌਂਪਣਾ ਅਕਾਡਮੀ ਦੇ ਹਿੱਤ ਵਿਚ ਘੱਟ ਅਤੇ ਪ੍ਰਕਾਸ਼ਕਾਂ ਦੇ ਹਿੱਤ ਵਿਚ ਵੱਧ ਹੈ।

(ਹ) ਅਕਾਡਮੀ ਦੇ ਰਿਕਾਰਡ ਅਨੁਸਾਰ ਚੇਤਨਾ ਅਤੇ ਸੁਮਿਤ ਪ੍ਰਕਾਸ਼ਕਾਂ ਵੱਲ ਹਾਲੇ ਵੀ ਕ੍ਰਮ ਅਨੁਸਾਰ 37000/-ਰੁਪਏ ਅਤੇ 31750/-ਰੁਪਏ ਬਕਾਇਆ ਹਨ। ਇਸੇ ਤਰ੍ਹਾਂ ਭਾਸ਼ਾ ਵਿਭਾਗ ਵੱਲ 6900/- ਰੁਪਏ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲ 54682/-ਰੁਪਏ ਅਤੇ ਕੰਟੀਨ ਦੇ ਠੇਕੇਦਾਰ ਵੱਲ 130722/-ਰੁਪਏ ਬਕਾਇਆ ਹਨ। ਇਹ ਬਕਾਏ 31.01.2012 ਤੱਕ ਦੇ ਹਨ। ਸਪੱਸ਼ਟ ਹੈ ਕਿ ਇਨ੍ਹਾਂ ਰਕਮਾਂ ਵਿਚ ਹੋਰ ਵਾਧਾਂ ਹੋ ਚੁੱਕਾ ਹੋਵੇਗਾ।

(ਕ) ਇਕ ਵਾਰ ਦੁਕਾਨਾਂ ਕਿਰਾਏ 'ਤੇ ਦੇ ਦੇਣ ਨਾਲ ਕਿਰਾਇਆ ਵਸੂਲਣ ਵਿਚ ਹੀ ਮੁਸ਼ਕਲ ਪੇਸ਼ ਨਹੀਂ ਆਉਂਦੀ ਸਗੋਂ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਵੀ ਦੁਕਾਨਾਂ ਖਾਲੀ ਕਰਵਾਉਣਾ ਅਸੰਭਵ ਹੋ ਜਾਂਦਾ ਹੈ। ਅਕਾਡਮੀ ਦੀ ਕੰਟੀਨ ਨੂੰ ਖਾਲੀ ਕਰਵਾਉਣ ਲਈ ਅਦਾਲਤ ਵਲੋਂ ਫੈਸਲਾ ਸੁਣਾਇਆ ਜਾ ਚੁੱਕਾ ਹੈ। ਇਸ ਹੁਕਮ ਦੇ ਬਾਵਜੂਦ ਵੀ ਕੰਟੀਨ ਦੇ ਠੇਕੇਦਾਰ ਕੋਲੋਂ ਅਕਾਡਮੀ ਨਾ ਕਬਜ਼ਾ ਹਾਸਲ ਕਰ ਚੁੱਕੀ ਹੈ ਅਤੇ ਨਾ ਹੀ ਬਕਾਇਆ ਕਿਰਾਇਆ ਵਸੂਲ ਕਰ ਸਕੀ ਹੈ। ਇਸ ਉਦਾਹਰਣ ਤੋਂ ਸਪੱਸ਼ਟ ਹੈ ਕਿ ਜੇ ਵੱਡੇ ਪ੍ਰਕਾਸ਼ਕ ਚਾਹੁਣ ਤਾਂ

ਅਕਾਡਮੀ ਨੂੰ ਬਿਨਾਂ ਕਿਰਾਇਆ ਦਿੱਤੇ ਸਾਲਾਂ ਬੱਧੀ ਆਪਣਾ ਕਾਰੋਬਾਰ ਚਲਾ ਸਕਦੇ ਹਨ ਅਤੇ ਅਕਾਡਮੀ ਨੂੰ ਮਾਲੀ ਨੁਕਸਾਨ ਪਹੁੰਚਾ ਸਕਦੇ ਹਨ।

(ਖ) ਅਕਾਡਮੀ ਦੇ ਨਿਯਮਾਂ ਅਨੁਸਾਰ ਅਕਾਡਮੀ ਦਾ ਕੋਈ ਵੀ ਕਰਮਚਾਰੀ ਆਪਣੀ ਰਿਹਾਇਸ਼ ਅਕਾਡਮੀ ਦੇ ਕੈਂਪਸ ਵਿਚ ਨਹੀਂ ਰੱਖ ਸਕਦਾ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਕੇ ਅਕਾਡਮੀ ਦਾ ਇਕ ਕਰਮਚਾਰੀ ਅਕਾਡਮੀ ਦੇ ਕੈਂਪਸ ਵਿਚ ਰਹਿ ਰਿਹਾ ਹੈ। ਉਸ ਨੂੰ ਰਿਹਾਇਸ਼ ਖਾਲੀ ਕਰਨ ਦੇ ਹੁਕਮ ਦਿੱਤੇ ਜਾ ਚੁੱਕੇ ਹਨ ਪਰ ਉਨ੍ਹਾਂ ਉਪਰ ਅਕਾਡਮੀ ਅਮਲ ਨਹੀਂ ਕਰਵਾ ਸਕੀ। ਇਹ ਉਦਾਹਰਣ ਵੀ ਸਪੱਸ਼ਟ ਕਰਦੀ ਹੈ ਕਿ ਭਵਨ ਦੀਆਂ ਦੁਕਾਨਾਂ ਨੂੰ ਬਾਅਦ ਵਿਚ ਖਾਲੀ ਕਰਵਾਉਣਾ ਕਿੰਨਾ ਅਸੰਭਵ ਹੋਵੇਗਾ।

ਰਾਏ

ਇਸ ਮੁੱਦੇ ਕਮੇਟੀ ਦੀ ਸਪੱਸ਼ਟ ਰਾਏ ਹੈ ਕਿ ਭਵਨ ਦੀਆਂ ਦੁਕਾਨਾਂ ਨੂੰ ਕਿਰਾਏ ਉਪਰ ਦੇਣ ਨਾਲ ਅਕਾਡਮੀ ਦੀ ਆਮਦਨ ਵਿਚ ਕੋਈ ਵਾਧਾ ਨਹੀਂ ਹੋਣ ਲੱਗਾ। ਉਲਟਾ ਇਸ ਨਾਲ ਅਕਾਡਮੀ ਦੀ ਮਾਲੀ ਹਾਲਤ ਤਾਂ ਕਮਜ਼ੋਰ ਹੋਵੇਗੀ ਹੀ ਨਾਲ ਮੁਕੱਦਮੇਬਾਜ਼ੀ ਅਤੇ ਸ਼ਰੀਕੇਬਾਜ਼ੀ ਵੀ ਵਧੇਗੀ।

4. ਸੱਤ ਦੁਕਾਨਾਂ ਕਿਰਾਏ 'ਤੇ ਦੇਣ ਨਾਲ ਭਵਿੱਖ ਵਿਚ ਵਾਪਰਣ ਵਾਲੀਆਂ ਘਟਨਾਵਾਂ ਦਾ ਅਨੁਮਾਨ

(ੳ) ਜਦੋਂ ਸਾਰੀਆਂ ਦੁਕਾਨਾਂ ਕਿਰਾਏ ਉਪਰ ਚੜ੍ਹ ਗਈਆਂ ਤਾਂ ਘੱਟੋ ਘੱਟ ਪੰਦਰਾਂ, ਵੀਹ ਮੁਲਾਜ਼ਮ ਇਨ੍ਹਾਂ ਦੁਕਾਨਾਂ ਉਪਰ ਕੰਮ ਕਰਨਗੇ। ਪੰਜਾਹ ਤੋਂ ਸੌ ਦੇ ਕਰੀਬ ਗਾਹਕ ਖ਼ਰੀਦੋ ਫ਼ਰੋਖਤ ਲਈ ਇਨ੍ਹਾਂ ਦੁਕਾਨਾਂ ਉਪਰ ਆਉਣਗੇ। ਸਮਾਨ ਦੀ ਢੋਆ-ਢੁਆਈ ਲਈ ਥਰੀਵੀਲਰ ਤੋਂ ਲੈ ਕੇ ਵੱਡੇ ਟਰੱਕਾਂ ਤੱਕ ਦੀ ਵਰਤੋਂ ਕੀਤੀ ਜਾਵੇਗੀ। ਇਸ ਹੋਣ ਨਾਲ ਪੰਜਾਬੀ ਭਵਨ ਦੇ ਹਰੇ ਲਾਅਨ ਰੇਗਿਸਤਾਨ ਵਿਚ ਬਦਲ ਜਾਣਗੇ। ਇਥੋਂ ਦੀ ਸ਼ਾਂਤੀ ਭੰਗ ਹੋ ਜਾਵੇਗੀ ਅਤੇ ਇਹ ਭੀੜ-ਭੜੱਕੇ ਵਾਲੀ ਥਾਂ ਵਿਚ ਬਦਲ ਜਾਵੇਗੀ। ਇਸ ਤਰ੍ਹਾਂ ਹੋਣ ਨਾਲ ਪੰਜਾਬੀ ਭਵਨ ਦਾ ਸਰੂਪ ਹੀ ਬਦਲ ਜਾਵੇਗਾ ਜੋ ਕਿ ਪੰਜਾਬੀ ਲੇਖਕਾਂ ਅਤੇ ਪਾਠਕਾਂ ਲਈ ਘਾਤਕ ਹੋਵੇਗਾ।

(ਅ) ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਹੈ ਕਿ ਪੰਜਾਬੀ ਦੇ ਪ੍ਰਕਾਸ਼ਕਾਂ ਦਾ ਲੇਖਕਾਂ ਉਪਰ ਪ੍ਰਭਾਵ ਹੈ। ਪ੍ਰਕਾਸ਼ਕਾਂ ਦੇ ਆਪਣੇ ਗੁੱਟ ਹਨ। ਪ੍ਰਕਾਸ਼ਕਾਂ ਦੀ ਆਪਸ ਵਿਚ ਧੜੇਬੰਦੀ ਵੀ ਹੈ। ਇਸ ਧੜੇਬੰਦੀ ਦਾ ਅਸਰ, ਵੱਡੀ ਗਿਣਤੀ ਵਿਚ ਪ੍ਰਕਾਸ਼ਕਾਂ ਦੇ ਪੰਜਾਬੀ ਭਵਨ ਵਿਚ ਆ ਜਾਣ ਨਾਲ, ਪਵੇਗਾ। ਪ੍ਰਕਾਸ਼ਕ ਪੰਜਾਬੀ ਭਵਨ ਵਿਚ ਹੁੰਦੀਆਂ ਗਤੀ-ਵਿਧੀਆਂ ਨੂੰ ਪ੍ਰਭਾਵਿਤ ਕਰ ਨ ਦਾ ਯਤਨ ਕਰਨਗੇ। ਚੋਣਾਂ ਵਿਚ ਵੀ ਸਰਗਰਮੀ ਦਿਖਾਉਣਗੇ। ਇਸ ਤਰ੍ਹਾਂ ਹੋਣ ਨਾਲ ਪੰਜਾਬੀ ਲੇਖਕਾਂ ਵਿਚ ਗੁੱਟਬੰਦੀ ਵਧੇਗੀ ਅਤੇ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਨੂੰ ਨੁਕਸਾਣ ਪੁੱਜੇਗਾ।

(ੲ) ਅਕਾਡਮੀ ਦੇ ਸਾਰੇ ਫ਼ੰਡ ਸਾਈਂ ਮੀਆਂ ਮੀਰ ਭਵਨ 'ਤੇ ਖਰਚ ਹੋ ਜਾਣ ਕਾਰਨ ਅਤੇ ਕਿਰਾਇਆ ਨਾ ਆਉਣ ਕਾਰਨ ਅਕਾਡਮੀ ਦੀ ਮਾਲੀ ਹਾਲਤ ਪਤਲੀ ਹੋ ਜਾਵੇਗੀ। ਘਾਟੇ ਨੂੰ ਪੂਰਾ ਕਰਨ ਲਈ ਲੇਖਕਾਂ ਉਪਰ ਮਾਲੀ ਬੋਝ ਪਾਇਆ ਜਾਵੇਗਾ ਜਿਸ ਨਾਲ ਸਾਹਿਤ ਅਤੇ ਸਭਿਆਚਾਰ ਨਾਲ ਸਬੰਧਤ ਗਤੀ-ਵਿਧੀਆਂ ਵਿਚ ਖੜੋਤ ਆਵੇਗੀ। (ਅਕਾਡਮੀ ਵਲੋਂ ਪਹਿਲਾਂ ਵੀ ਕਈ ਵਾਰ ਲੇਖਕਾਂ ਦੀਆਂ ਮੀਟਿੰਗਾਂ ਦੀ ਆਗਿਆ ਦੇਣ ਲਈ ਕੁਝ ਰਾਸ਼ੀ ਲਏ ਜਾਣ ਦੇ ਅਸਫਲ ਯਤਨ ਕੀਤੇ ਗਏ ਹਨ)

5. ਭਵਨ ਦੀ ਸਹੀ ਵਰਤੋਂ ਲਈ ਕੀ ਕੀਤਾ ਜਾਵੇ

ਦੁਕਾਨਾਂ ਨੂੰ ਕਿਰਾਏ ਉਪਰ ਦੇਣ ਦੀ ਥਾਂ ਅਕਾਡਮੀ ਨੂੰ ਇਸ ਭਵਨ ਦੀਆਂ ਦੁਕਾਨਾਂ ਵਿਚ ਹੇਠ ਲਿਖੀਆਂ ਗਤੀ-ਵਿਧੀਆਂ ਚਾਲੂ ਕਰ ਨੀਆਂ ਚਾਹੀਦੀਆਂ ਹਨ ਤਾਂ ਜੋ ਜਿਸ ਉਦੇਸ਼ ਲਈ ਸਰਕਾਰ ਅਤੇ ਹੋਰ ਸੰਸਥਾਵਾਂ ਵਲੋਂ ਮਾਲੀ ਸਹਾਇਤਾ ਮਿਲੀ ਹੈ ਉਸ ਦੀ ਸਹੀ ਵਰਤੋਂ ਹੋ ਸਕੇ।

(ੳ) ਪੰਜਾਬੀ ਭਵਨ ਦੀ ਰੈਫ਼ਰੈਂਸ ਲਾਇਬ੍ਰੇਰੀ, ਅਕਾਡਮੀ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਲਾਇਬ੍ਰੇਰੀ ਦੀ ਬਿਲਡਿੰਗ ਹੁਣ ਛੋਟੀ ਪੈ ਚੁੱਕੀ ਹੈ। ਇਸ ਲਾਇਬ੍ਰੇਰੀ ਦਾ ਵਿਸਥਾਰ ਇਸ ਭਵਨ ਵਿਚ ਵੱਡਾ ਹਾਲ ਬਣਾ ਕੇ ਕੀਤਾ ਜਾਵੇ। ਲਾਇਬ੍ਰੇਰੀ ਵਿਚ ਨਵੀਂ ਤਕਨੀਕ ਰਾਹੀਂ ਲਾਇਬ੍ਰੇਰੀ ਨੂੰ ਹੋਰ ਆਧੁਨਿਕ ਕੀਤਾ ਜਾਵੇ। ਇਸ ਤਰ੍ਹਾਂ ਕਰ ਨ ਨਾਲ ਐਸ.ਜੀ.ਪੀ.ਸੀ. ਵਲੋਂ ਮਿਲੀ ਗ੍ਰਾਂਟ ਦੀ ਸਹੀ ਵਰਤੋਂ ਹੋ ਸਕੇਗੀ।

(ਅ) ਲੇਖਕਾਂ ਨੂੰ ਪ੍ਰਕਾਸ਼ਕਾਂ ਦੀ ਮਾਲੀ ਲੁੱਟ ਬਚਾਉਣ ਲਈ ਭਵਨ ਵਿਚ ਇਕ ਅਜਿਹੀ ਇਕਾਈ ਦੀ ਸਥਾਪਨਾ ਕੀਤੀ ਜਾਵੇ ਜੋ ਪੁਸਤਕ ਦੀ ਪ੍ਰਕਾਸ਼ਨਾ ਨਾਲ ਸਬੰਧਤ ਸੰਸਥਾਵਾਂ ਜਿਵੇਂ ਕਿ ਟਾਈਪਿੰਗ, ਪਰੂਫ਼ ਰੀਡਿੰਗ, ਪ੍ਰਿੰਟਿੰਗ, ਜਿਲਦਸਾਜ਼ੀ ਆਦਿ ਨਾਲ ਸੰਪਰਕ ਕਰਕੇ ਲੇਖਕਾਂ ਨੂੰ ਸਹੀ ਮੁੱਲ ਉਪਰ ਇਹ ਸੁਵਿਧਾਵਾਂ ਉਪਰ ਉਪਲੱਭਧ ਕਰਵਾਏ। ਇਸ ਇਕਾਈ ਦੀ ਰਹਿਨੁਮਾਈ ਵਿਚ ਪੰਜਾਬੀ ਦੇ

ਕੰਪਿਊਟਰ ਓਪਰੇਟਰ, ਪਰੂਫ਼ ਰੀਡਰ ਅਤੇ ਟਾਈਟਲ ਬਣਾਉਣ ਵਾਲੇ ਕਲਾਕਾਰ, ਇਸ ਭਵਨ ਦੀ ਇਮਾਰਤ ਵਿਚ ਕੰਮ ਕਰਨ ਤਾਂ ਜੋ ਲੋੜਵੰਦ ਲੇਖਕਾਂ ਨੂੰ ਤੁਰੰਤ ਸਹੂਲਤ ਪ੍ਰਾਪਤ ਹੋ ਸਕੇ।

(ਏ) ਘਰੇਲੂ ਮਜਬੂਰੀਆਂ ਕਾਰਨ ਕਈ ਲੇਖਕਾਂ ਨੂੰ ਆਪਣੇ ਘਰਾਂ ਵਿਚ ਅਜਿਹੀ ਸਹੂਲਤ ਉਪਲੱਭਧ ਨਹੀਂ ਹੁੰਦੀ ਜਿਸ ਵਿਚ ਉਹ ਇਕਾਂਤ ਵਿਚ ਬੈਠ ਕੇ, ਇਕਾਗਰ ਮਨ ਨਾਲ ਸਿਰਜਨਾ ਕਰ ਸਕਣ। ਅਜਿਹੇ ਲੇਖਕਾਂ ਨੂੰ ਉਚਿਤ ਮਾਹੌਲ ਉਪਲੱਬਧ ਕਰਵਾਉਣ ਲਈ ਇਸ ਭਵਨ ਦੀ ਇਮਾਰਤ ਵਿਚ ਕੁਝ ਅਜਿਹੇ ਕਮਰਿਆਂ ਦਾ ਨਿਰਮਾਣ ਕੀਤਾ ਜਾਵੇ ਜੋ ਕਿ ਸਾਊਂਡ ਪਰੂਫ਼ ਹੋਣ ਤਾਂ ਜੋ ਲੇਖਕ ਇਕਾਗਰ ਮਨ ਨਾਲ ਸਿਰਜਨਾ ਕਰ ਸਕਣ।

(ਸ) ਇਸ ਭਵਨ ਦੀ ਇਮਾਰਤ ਵਿਚ ਇਕ ਹਾਲ ਰਾਖਵਾਂ ਰੱਖਿਆ ਜਾਵੇ ਜਿਥੇ ਕਿ ਵਖ ਵਖ ਪ੍ਰਕਾਸ਼ਕਾਂ ਵਲੋਂ ਕੁਝ ਸਮੇਂ ਲਈ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਜਾਣ। ਇਨ੍ਹਾਂ ਪ੍ਰਦਰਸ਼ਨੀਆਂ ਵਿਚ ਪੁਸਤਕਾਂ ਦੇ ਵਾਜਬ ਭਾਅ 'ਤੇ ਉਪਲੱਬਧ ਹੋਣ ਦਾ ਪ੍ਰਬੰਧ ਕਰਵਾਇਆ ਜਾਵੇ।

(ਹ) ਪੰਜਾਬੀ ਸਭਿਆਚਾਰ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਇਸ ਭਵਨ ਵਿਚ ਇਕ ਹਾਲ ਬਣਾ ਕੇ ਉਸ ਵਿਚ ਪੁਰਾਣੀਆਂ ਹੱਥ ਲਿਖਤਾਂ, ਪੁਰਾਣੀਆਂ ਵਸਤੂਆਂ ਆਦਿ ਦੀ ਪ੍ਰਦਰਸ਼ਨੀ ਲਗਵਾਈ ਜਾਵੇ।

(ਕ) ਪੰਜਾਬੀ ਲੇਖਕਾਂ, ਕਲਾਕਾਰਾਂ ਅਤੇ ਹੋਰ ਉਚਕੋਟੀ ਦੀਆਂ ਹਸਤੀਆਂ ਨਾਲ ਸਬੰਧਤ ਯਾਦਗਾਰਾਂ, ਗੀਤਕਾਰਾਂ/ਕਵੀਆਂ ਦੀਆਂ ਅਵਾਜ਼ਾਂ ਜੋ ਕਿ ਕਿਸੇ ਰੂਪ ਵਿਚ ਰਿਕਾਰਡ ਹੋਈਆਂ ਹਨ ਇਸ ਭਵਨ ਵਿਚ ਰੱਖੀਆਂ ਜਾਣ। ਜੇ ਕੋਈ ਵਿਅਕਤੀ ਉਨ੍ਹਾਂ ਕਿਰਤਾਂ ਦੀ ਕਾਪੀ ਲੈਣਾ ਚਾਹੁੰਦਾ ਹੈ ਤਾਂ ਉਸ ਦੀ ਕਾਪੀ ਕਰਵਾਉਣ ਦੀ ਸਹੂਲਤ ਉਪਲੱਬਧ ਕਰਵਾਈ ਜਾਵੇ।

<u>ਨੋਟ:</u> ਹੋਰ ਵਿਅਕਤੀਆਂ ਕੋਲ ਹੋਰ ਵਡਮੁੱਲੇ ਸੁਝਾਅ ਹੋ ਸਕਦੇ ਹਨ। ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕਰਕੇ ਇਸੇ ਵਿਸ਼ੇ ਸਬੰਧੀ ਹੋਰ ਵਿਅਕਤੀਆਂ ਦੇ ਵਿਚਾਰ ਵੀ ਲੈ ਲਏ ਜਾਣ।

6. ਇਸ ਇਮਰਾਤ ਦਾ ਨਕਸ਼ਾ ਸਬੰਧਿਤ ਅਧਿਕਾਰੀ ਕੋਲੋਂ ਪਾਸ ਕਰਵਾ ਲਿਆ ਜਾਵੇ। ਜਿੰਨਾ ਚਿਰ ਇਹ ਕਾਰਵਾਈ ਮੁਕੰਮਲ ਨਹੀਂ ਹੁੰਦੀ। ਓਨਾ ਚਿਰ ਹੋਰ ਕੋਈ ਵੀ ਕਾਰਵਾਈ ਨਾ ਕੀਤੀ ਜਾਵੇ। ਕਿਉਂਕਿ ਅਜਿਹੀ ਸਾਰੀ ਕਾਰਵਾਈ ਗ਼ੈਰ-ਕਾਨੂੰਨੀ ਹੋਵੇਗੀ।

7. ਆਰਟ ਗੈਲਰੀ ਖਾਲੀ ਕਰਵਾਉਣ ਦੇ ਯਤਨ ਕੀਤੇ ਜਾਣ।

ਇਸ ਆਰਟ ਗੈਲਰੀ ਨੂੰ ਆਧੁਨਿਕ ਬਣਾਉਣ ਲਈ ਸ੍ਰੀ ਸ਼ਰਨਜੀਤ ਸਿੰਘ ਢਿੱਲੋਂ (ਸਾਬਕਾ ਮੈਂਬਰ ਪਾਰਲੀਮੈਂਟ) ਵਲੋਂ ਆਪਣੇ ਪੱਤਰ ਨੰਬਰ ਐਮ.ਪੀ.ਲੈਡ 2005/5901, ਮਿਤੀ 30.10.2006 ਰਾਹੀਂ ਇੱਕ ਲੱਖ ਪੱਚੀ ਹਜ਼ਾਰ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ। ਇਹ ਮਾਲੀ ਸਹਾਇਤਾ ਕੁਝ ਸ਼ਰਤਾਂ ਅਧੀਨ ਦਿੱਤੀ ਗਈ ਸੀ । ਇਸ ਪੱਤਰ ਵਿਚ ਇਹ ਸਪੱਸ਼ਟ ਰੂਪ ਵਿਚ ਲਿਖਿਆ ਗਿਆ ਸੀ ਕਿ ਇਸ ਜਾਇਦਾਦ ਨੂੰ ਵੇਚਣ, ਕਿਸੇ ਦੇ ਸਪੁਰਦ ਕਰਨ ਜਾਂ ਇੰਤਕਾਲ ਕਰਨ ਦੀ ਇਜਾਜਤ ਨਹੀਂ ਹੋਵੇਗੀ। ਇਸ ਤਰ•ਾਂ ਇਸ ਪੱਤਰ ਤੋਂ ਸਪੱਸ਼ਟ ਹੈ ਕਿ ਆਰਟ ਗੈਲਰੀ ਨੂੰ ਕਿਸੇ ਹੋਰ ਸੰਸਥਾ ਨੂੰ ਕਿਰਾਏ ਉਪਰ ਨਹੀਂ ਦਿੱਤਾ ਜਾ ਸਕਦਾ। ਇਸ ਆਰਟ ਗੈਲਰੀ ਵਿਚ ਹੁਣ ਚੇਤਨਾ ਪ੍ਰਕਾਸ਼ਨ ਅਤੇ ਸੁਮਿਤ ਪ੍ਰਕਾਸ਼ਨ ਕਾਬਜ਼ ਹਨ ਅਤੇ ਉਹ ਇਥੋਂ ਆਪਣਾ ਕਾਰੋਬਾਰ ਚਲਾ ਰਹੇ ਹਨ। ਇਸ ਬਦਲੇ ਉਹ ਅਕਾਡਮੀ ਨੂੰ ਕੁਝ ਕਿਰਾਇਆ ਵੀ ਦਿੰਦੇ ਹਨ। ਲਿਖਤੀ ਇਕਰਾਰਨਾਮੇ ਰਾਹੀਂ ਇਨ•ਾਂ ਪ੍ਰਕਾਸ਼ਕਾਂ ਨੂੰ ਆਰਟ ਗੈਲਰੀ ਕਿਰਾਏ 'ਤੇ ਦੇ ਕੇ ਸਰਕਾਰ ਦੀਆਂ ਹਦਾਇਤਾ ਦੀ ਉਲੰਘਣਾ ਕੀਤੀ ਗਈ ਹੈ। ਇਸ ਕਾਨੂੰਨੀ ਉਲੰਘਣਾ ਦੇ ਜਾਰੀ ਰਹਿਣ ਨਾਲ ਅਕਾਡਮੀ ਨੂੰ ਮਾਲੀ ਸਹਾਇਤਾ ਵਾਪਸ ਕਰਨੀ ਪੈ ਸਕਦੀ ਹੈ। ਕਿਸੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਅਕਾਡਮੀ ਦੇ ਅਹੁਦੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਆਰਟ ਗੈਲਰੀ ਨੂੰ ਤੁਰੰਤ ਖਾਲੀ ਕਰਵਾਉਣ।

ਅੰਤਮ ਸਿੱਟਾ: ਕਮੇਟੀ ਦੀ ਸਪੱਸ਼ਟ ਰਾਏ ਹੈ ਕਿ ਭਵਨ ਦੀਆਂ ਦੁਕਾਨਾਂ ਨੂੰ ਕਿਰਾਏ ਉਪਰ ਦੇਣਾ ਨਾ ਕਾਨੂੰਨ ਅਨੁਸਾਰ ਹੈ ਅਤੇ ਨਾ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਲੇਖਕਾਂ ਦੇ ਹਿੱਤ ਵਿਚ। ਉਲਟਾ ਇਸ ਨਾਲ ਇਕ ਪਾਸੇ ਪੰਜਾਬੀ ਭਵਨ ਦੀ ਇਮਾਰਤ ਦੀ ਸੁੰਦਰਤਾ ਭੰਗ ਹੋਵੇਗੀ ਦੂਜੇ ਪਾਸੇ ਪ੍ਰਕਾਸ਼ਕਾਂ ਦੀ ਹਾਜ਼ਰੀ ਕਾਰਨ ਲੇਖਕਾਂ ਵਿਚ ਗੁੱਟਬੰਦੀ ਵਧੇਗੀ ਜਿਸ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਨੁਕਸਾਨ ਪੁੱਜੇਗਾ। ਕਸੂਰਵਾਰ ਕਿਰਾਏਦਾਰਾਂ ਤੋਂ ਗਲਬਾਤ ਰਾਹੀਂ ਜਾਂ ਕਾਨੂੰਨੀ ਕਾਰਵਾਈ ਕਰਕੇ ਤੁਰੰਤ ਕਿਰਾਇਆ ਵਸੂਲਿਆ ਜਾਵੇ ਤਾਂ ਜੋ ਅਕਾਡਮੀ ਨੂੰ ਹੋਰ ਮਾਲੀ ਨੁਕਸਾਨ ਨਾ ਸਹਿਣਾ ਪਵੇ।

ਸੁਰਿੰਦਰ ਕੈਲੇ
ਮੈਂਬਰ

ਮਿੱਤਰ ਸੈਨ ਮੀਤ
ਕਨਵੀਨਰ